# ਦਫਤਰ :ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਨਾਭਾ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ।

ਨੰ:ਆਰਕੇ-1/ 205
ਮਿਤੀ/ 25-01-2021

ਵਿਸ਼ਾ: ਦੀ ਲੁਬਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਵਿਚ ਸੇਲਜਮੈਨ ਦੀ ਭਰਤੀ ਸਬੰਧੀ।
ਮੀਮੋ

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਹਲਕਾ ਨਰੀਖਕ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਦੀ ਲੁਬਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਵਿਚ ਸੇਲਜਮੈਨ ਦੀ ਭਰਤੀ ਸਬੰਧੀ ਮਾਨਯੋਗ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਪਟਿਆਲਾ ਮੰਡਲ ਪਟਿਆਲਾ ਜੀ ਦੇ ਦਫਤਰ ਦੇ ਪੱਤਰ ਪਿੱਠ ਅੰਕਣ ਨੰ:ਅਸ-2/ਜਰਪ/2879 ਮਿਤੀ 22.06.2020 ਰਾਹੀ ਮੰਨਜੂਰੀ ਪ੍ਰਾਪਤ ਹੋਈ ਹੈ। ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ ਜੀ ਦੇ ਹੁਕਮ ਪਿੱਠ ਅੰਕਣ ਨੰ:ਰਸਸ/ਰਿਣ-2/ਸੀ.ਏ.ਏ.4/ਸੇਵਾ ਨਿਯਮ 27-02-2020 ਅਨੁਸਾਰ ਕਰਮਚਾਰੀਆ ਦੀ ਭਰਤੀ ਸਬੰਧੀ ਪਾਰਦਰਸਤਾ ਲਿਆਉਣ ਲਈ ਇਸਤਿਹਾਰ ਨੂੰ ਆਨਲਾਈਨ ਕਰਨ ਲਈ ਹੁਕਮ ਦਿੱਤੇ ਗਏ ਸਨ।ਸੋ ਉਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਿਤੀ:21-01-2021 ਨੂੰ ਪੰਜਾਬੀ ਦੇ ਅਖਬਾਰ ਜਗਬਾਣੀ ਅਤੇ ਅਜੀਤ ਵਿਚ ਸੇਲਜਮੈਨ ਦੀ ਨਿਯੁਕਤੀ ਸਬੰਧੀ ਇਸਤਿਹਾਰ ਜਾਰੀ ਕੀਤਾ ਗਿਆ ਹੈ।

ਇਸ ਲਈ ਹਲਕਾ ਨਰੀਖਕ ਦੀ ਰਿਪੋਰਟ ਨੂੰ ਮੁਖ ਰਖਦੇ ਹੋਏ ਆਪ ਨੂੰ ਅਖਬਾਰ ਦੇ ਇਸ਼ਤਿਹਾਰ ਦੀ ਕਾਪੀ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਦੀ ਲੁਬਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਵਿਚ ਸੇਲਜਮੈਨ ਦੀ ਨਿਯੁਕਤੀ ਲਈ ਇਸਤਿਹਾਰ ਆਪ ਜੀ ਦੀ ਵੈਬਸਾਇਟ ਤੇ ਆਪਲੋਡ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ। ਇਹ ਪੱਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾ ਨਾਭਾ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

ਨੱਥੀ: ਇਸ਼ਤਿਹਾਰ ਦੀ ਕਾਪੀ

ਦ/ Gagandeep Singh
ਸਹਾਇਕ ਰਜਿਸਟਰਾਰ Clerk.
ਸਹਿਕਾਰੀ ਸਭਾਵਾਂ ਨਾਭਾ

# ਆਸਾਮੀ ਦੀ ਲੋੜ

ਦੀ ਲੁਬਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਲਿਮ. ਲੁਬਾਣਾ ਟੇਕੂ ਤਹਿ. ਨਾਭਾ (ਪਟਿਆਲਾ) ਵਿਚ ਇਕ ਸੇਲਜ਼ਮੈਨ ਦੀ ਨਿਯੁਕਤੀ ਕੀਤੀ ਜਾਣੀ ਹੈ। ਉਮੀਦਵਾਰ ਦੀ ਯੋਗਤਾ ਗ੍ਰੈਜੂਏਸ਼ਨ, ਸਹਿਕਾਰਤਾ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੰਪਿਊਟਰ ਕੋਰਸ, ਉਮਰ 18-37 ਸਾਲ, ਪੇਂਡੂ ਪਿਛੋਕੜ ਰੱਖਦਾ ਹੋਵੇ, ਉਮੀਦਵਾਰ ਨੂੰ ਦੋ ਏਕੜ ਜ਼ਮੀਨ ਜਾਂ 50000 ਰੂ. ਦੀ ਜ਼ਮਾਨਤ ਦੇਣੀ ਹੋਵੇਗੀ। ਯੋਗ ਉਮੀਦਵਾਰ ਤਸਦੀਕਸ਼ੁਦਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਅਤੇ ਆਪਣੀ ਅਰਜ਼ੀ ਸਮੇਤ ਸਭਾ ਦੇ ਨਾਮ 'ਤੇ 500/- ਰੁਪਏ ਦਾ ਡਿਮਾਂਡ ਡਰਾਫਟ ਨੱਥੀ ਕਰਕੇ ਮਿਤੀ 04.02.2021 ਤੱਕ ਸਕੱਤਰ ਸਭਾ ਕੋਲ ਸ਼ਾਮ 4.00 ਵਜੇ ਤੱਕ ਜਮ੍ਹਾ ਕਰਵਾ ਸਕਦਾ ਹੈ। ਅਰਜ਼ੀ ਦੀ ਪੜਤਾਲ ਅਤੇ ਯੋਗ ਉਮੀਦਵਾਰ ਦੀ ਚੋਣ ਸਭਾ ਦੇ ਦਫਤਰ ਵਿਚ ਮਿਤੀ 06.02.2021 ਨੂੰ ਸਵੇਰੇ 10 ਵਜੇ ਕੀਤੀ ਜਾਵੇਗੀ। ਇਸ ਦਿਨ ਸਾਰੇ ਉਮੀਦਵਾਰਾਂ ਨੂੰ ਅਸਲ ਸਰਟੀਫਿਕੇਟ ਲੈ ਕੇ ਹਾਜ਼ਰ ਹੋਣਾ ਲਾਜ਼ਮੀ ਹੈ। ਹੋਰ ਸ਼ਰਤਾਂ ਕਿਸੇ ਵੀ ਕੰਮਕਾਰ ਵਾਲੇ ਦਿਨ ਸਭਾ ਦੇ ਦਫਤਰ ਵਿਚ ਦੇਖੀਆਂ ਜਾ ਸਕਦੀਆਂ ਹਨ।

**ਸਹੀ/- ਨਿਰਭੈ ਸਿੰਘ ਪ੍ਰਧਾਨ, ਮਨਦੀਪ ਖਾਨ, ਸਕੱਤਰ**
**ਦੀ ਲੁਭਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਲਿਮ.**
**ਤਹਿ. ਨਾਭਾ (ਪਟਿਆਲਾ)**

**ਸਭਾ ਦੇ ਨਾਮ 'ਤੇ 500/- ਰੁਪਏ ਦਾ ਡਿਮਾਂਡ ਡਰਾਫਟ ਨੱਥੀ ਕਰਕੇ**

# ਅਸਾਮੀ ਦੀ ਲੋੜ

ਦੀ ਲੁਬਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਲਿਮ: ਲੁਬਾਣਾ ਟੇਕੂ ਤਹਿ: ਨਾਭਾ (ਪਟਿਆਲਾ) ਵਿਚ ਇਕ ਸੇਲਜ਼ਮੈਨ ਦੀ ਨਿਯੁਕਤੀ ਕੀਤੀ ਜਾਣੀ ਹੈ। ਉਮੀਦਵਾਰ ਦੀ ਯੋਗਤਾ ਗਰੈਜੂਏਸ਼ਨ, ਸਹਿਕਾਰਤਾ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੰਪਿਊਟਰ ਕੋਰਸ, ਉਮਰ 18-37 ਸਾਲ, ਪੇਂਡੂ ਪਿਛੋਕੜ ਰੱਖਦਾ ਹੋਵੇ, ਉਮੀਦਵਾਰ ਨੂੰ ਦੋ ਏਕੜ ਜ਼ਮੀਨ ਜਾਂ 50000 ਰੁ: ਦੀ ਜ਼ਮਾਨਤ ਦੇਣੀ ਹੋਵੇਗੀ। ਯੋਗ ਉਮੀਦਵਾਰ ਤਸਦੀਕਸ਼ੁਦਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਅਤੇ ਆਪਣੀ ਅਰਜ਼ੀ ਸਮੇਤ ਸਭਾ ਦੇ ਨਾਮ 'ਤੇ 500/- ਰੁਪਏ ਦਾ ਡਿਮਾਂਡ ਡਰਾਫਟ ਨੱਥੀ ਕਰਕੇ ਮਿਤੀ 04.02.2021 ਤੱਕ ਸਕੱਤਰ ਸਭਾ ਕੋਲ ਸ਼ਾਮ 4.00 ਵਜੇ ਤੱਕ ਜਮਾਂ ਕਰਵਾ ਸਕਦਾ ਹੈ। ਅਰਜ਼ੀ ਦੀ ਪੜਤਾਲ ਅਤੇ ਯੋਗ ਉਮੀਦਵਾਰ ਦੀ ਚੋਣ ਸਭਾ ਦੇ ਦਫ਼ਤਰ ਵਿਚ ਮਿਤੀ 06.02.2021 ਨੂੰ ਸਵੇਰੇ 10 ਵਜੇ ਕੀਤੀ ਜਾਵੇਗੀ। ਇਸ ਦਿਨ ਸਾਰੇ ਉਮੀਦਵਾਰਾਂ ਨੂੰ ਅਸਲ ਸਰਟੀਫਿਕੇਟ ਲੈ ਕੇ ਹਾਜ਼ਰ ਹੋਣਾ ਲਾਜ਼ਮੀ ਹੈ। ਹੋਰ ਸ਼ਰਤਾਂ ਕਿਸੇ ਵੀ ਕੰਮ ਕਾਰ ਵਾਲੇ ਦਿਨ ਸਭਾ ਦੇ ਦਫ਼ਤਰ ਵਿਚ ਦੇਖੀਆਂ ਜਾ ਸਕਦੀਆਂ ਹਨ।

**ਸਹੀ/- ਨਿਰਭੈ ਸਿੰਘ ਪ੍ਰਧਾਨ,**
**ਮਨਦੀਪ ਖਾਨ, ਸਕੱਤਰ,**
**ਦੀ ਲੁਬਾਣਾ ਟੇਕੂ ਬਹੁਮੰਤਵੀ ਸਹਿਕਾਰੀ ਸਭਾ ਲਿਮ:**
**ਤਹਿ: ਨਾਭਾ (ਪਟਿਆਲਾ)**

**ਸਭਾ ਦੇ ਨਾਮ 'ਤੇ 500/- ਰੁਪਏ ਦਾ ਡਿਮਾਂਡ ਡਰਾਫਟ ਨੱਥੀ ਕਰਕੇ।**